## ਸੰਪਾਦਕੀ

ਪੰਜਾਬੀ ਭਾਗ



ਪ੍ਰੋ: ਬਲਵਿੰਦਰਪਾਲ ਸਿੰਘ
ਸੰਪਾਦਕ
ਸਾਡਾ ਵਿਰਸਾ ਸਾਡਾ ਗੌਰਵ
98880-21699

# ਭਾਰਤ ਦੇਸ਼ ਦੀ ਅਖੰਡਤਾ ਦਾ ਅਧਾਰ

1947 ਵਿੱਚ ਦੇਸ਼ ਦੀ ਵੰਡ ਦੇ ਦੁੱਖਾਂ ਨੂੰ ਅਜੇ ਤੱਕ ਲੋਕਾਂ ਨੇ ਭੁਲਾਇਆ ਨਹੀਂ ਸੀ ਕਿ ਉਸ ਤੋਂ ਬਾਅਦ ਸੈਂਕੜੇ ਹੀ ਹੋਰ ਫਸਾਦ ਹੁਣ ਤੱਕ ਦੇਸ਼ ਅੰਦਰ ਹੋ ਚੁੱਕੇ ਹਨ ਜਿਨ੍ਹਾਂ ਵਿੱਚ ਲੱਖਾਂ ਲੋਕ ਮਰ ਗਏ ਅਤੇ ਕਈ ਲੱਖ ਜ਼ਖ਼ਮੀ ਤੇ ਬੇਘਰ ਹੋ ਗਏ। ਇਨ੍ਹਾਂ ਫਸਾਦਾਂ ਦਾ ਮੂਲ ਕਾਰਨ ਲੱਭਣ ਦੇ ਯਤਨ ਵੀ ਹੋਏ ਪਰ ਰਾਜਨੀਤਕ ਸਵਾਰਥਾਂ ਨੂੰ ਸਦਾ ਹੀ ਇਨਸਾਨੀਅਤ ਅਤੇ ਦੇਸ਼ ਦੀ ਆਭਾ ਤੋਂ ਉੱਤੇ ਰੱਖਿਆ ਗਿਆ। ਕਈ ਨਿਰਪੱਖ ਬੁੱਧੀਜੀਵੀ ਤੇ ਕਾਨੂੰਨਦਾਨ ਐਸੇ ਵੀ ਨਿਤਰੇ ਜਿਨ੍ਹਾਂ ਨੇ ਸੱਚ ਬੋਲਿਆ ਤੇ ਫਿਰਕਾਪ੍ਰਸਤੀ ਦੇ ਪਾਜ ਉਘੇੜੇ।

ਅੱਜ ਅਸੀਂ 21ਵੀਂ ਸਦੀ ਵਿੱਚ ਹਾਂ ਅਤੇ ਦੇਸ਼ ਦੀ ਅਜ਼ਾਦੀ ਦੇ 60ਵੇਂ ਸਾਲ ਨੂੰ ਪਾਰ ਕਰ ਗਏ ਹਾਂ। ਕੀ ਅੱਜ ਸਾਡੇ ਮਨਾਂ ਵਿੱਚੋਂ ਫਿਰਕਾਵਾਦ ਦੀ ਭੈੜੀ ਵਾਦੀ ਖ਼ਤਮ ਹੋ ਗਈ ਹੈ? ਕੀ ਅੱਜ ਕਿਸੇ ਫਸਾਦ ਬਾਰੇ ਸਾਹਮਣੇ ਆਏ ਨਤੀਜਿਆਂ ਅਨੁਸਾਰ, ਜ਼ਿੰਮੇਵਾਰ ਵਿਅਕਤੀਆਂ ਨੂੰ ਢੁੱਕਵੀਂ ਸਜ਼ਾ ਮਿਲ ਜਾਂਦੀ ਹੈ? ਇਨ੍ਹਾਂ ਸਵਾਲਾਂ ਦਾ ਉੱਤਰ ਬਹੁਤਾ 'ਨਾਂਹ' ਵਿੱਚ ਹੀ ਹੋਵੇਗਾ ਕਿਉਂਕਿ ਫਿਰਕਾਪ੍ਰਸਤੀ ਨੂੰ ਪੱਕਿਆਂ ਕਰਨ ਵਿੱਚ ਰਾਜਸੀ ਦਲਾਂ ਦੇ ਸਵਾਰਥ ਲੁਕੇ ਹੋਏ ਹਨ। ਕਿਸੇ ਵੀ ਫਿਰਕੇ ਦੇ ਆਗੂਆਂ ਨੂੰ ਇਹ ਹੱਕ ਹਾਸਲ ਹੈ ਕਿ ਉਹ ਆਪਣੀ ਬਰਾਦਰੀ ਤੇ ਭਾਈਚਾਰੇ ਦੇ ਹਿੱਤਾਂ ਲਈ ਸੰਘਰਸ਼ ਕਰਨ, ਲੋਕ ਰਾਇ ਬਨਾਉਣ, ਅੰਦੋਲਨ ਕਰਨ, ਪਰ, ਧਰਮ ਦੇ ਮੂਲ ਉਪਦੇਸ਼ਾਂ ਨੂੰ ਛਿੱਕੇ ਟੰਗ ਕੇ; ਫਸਾਦਾਂ ਦੇ ਲਈ ਸਾਜਸ਼ਾਂ ਰਚਣਾ ਕਿਸੇ ਵੀ ਤਰ੍ਹਾਂ ਮਾਫ ਕਰਨਯੋਗ ਨਹੀਂ ਹੈ। ਨਵੰਬਰ 1984 ਦੇ ਫਸਾਦਾਂ ਵਿੱਚ ਦੋਸ਼ੀ ਵੱਡੇ ਨੇਤਾਵਾਂ ਨੂੰ ਨਿਰਦੋਸ਼ ਸਾਬਤ ਕਰਨ ਦੇ ਕਈ ਯਤਨ ਹੋ ਚੁੱਕੇ ਹਨ ਤੇ ਅਜੇ ਤੱਕ ਏਨੀ ਵੱਡੀ ਕਤਲੋ ਗਾਰਤ ਉੱਤੇ ਪਾਰਲੀਮੈਂਟ ਨੇ ਸ਼ੋਕ ਮਤਾ ਵੀ ਪਾਸ ਨਹੀਂ ਕੀਤਾ। ਹਾਂ, ਸਿੱਖ ਪ੍ਰਧਾਨ ਮੰਤਰੀ ਨੇ ਹੀ ਸਿੱਖ ਕੌਮ ਕੋਲੋਂ ਮਾਫੀ ਮੰਗ ਲਈ ਸੀ ਤੇ ਉਹ ਵੀ ਰਾਜਸੀ ਲੋੜ ਦੇ ਅਨੁਸਾਰ।

ਗੁਜਰਾਤ ਦੰਗਿਆਂ, ਮੁੰਬਈ ਦੰਗਿਆਂ ਅਤੇ ਹੋਰ ਫਸਾਦਾਂ ਦੇ ਬਾਰੇ ਪੂਰੇ ਵੇਰਵੇ ਸਰਕਾਰ ਦੇ ਕੋਲ ਹਨ। ਦੇਸ਼ ਨੇ ਹੁਣ ਵਿਕਾਸ ਦੇ ਰਸਤੇ 'ਤੇ ਤੇਜ਼ੀ ਨਾਲ ਕਦਮ ਪੁੱਟਣੇ ਸ਼ੁਰੂ ਕੀਤੇ ਹਨ। ਇਸ ਦੀ ਸਭ ਤੋਂ ਵੱਡੀ ਲੋੜ ਹੈ ਕਿ ਦੇਸ਼ ਵਿੱਚ ਅਮਨ ਤੇ ਸ਼ਾਂਤੀ ਵੱਧ ਤੋਂ ਵੱਧ ਦਰਜੇ ਤੱਕ ਕਾਇਮ ਰੱਖੀ ਜਾਵੇ। ਸਰਕਾਰ ਵਲੋਂ ਰਾਜਸੀ ਹਿੱਤਾਂ ਤੋਂ ਹੱਟ ਕੇ ਸਖ਼ਤ ਕਦਮ ਚੁੱਕੇ ਜਾਣ ਤਾਂ ਕੋਈ ਕਾਰਣ ਨਹੀਂ ਕਿ ਦੇਸ਼ ਦੇ ਅੰਦਰ ਅਮਨ ਤੇ ਸ਼ਾਂਤੀ ਨੂੰ ਕੋਈ ਖ਼ਤਰਾ ਪੈਦਾ ਹੋ ਸਕੇ।

ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਅਧਾਰ ਸਾਂਝੀਵਾਲਤਾ ਹੈ ਜਿਸ ਨੂੰ ਕਾਫੀ ਹੱਦ ਤੱਕ ਸੰਵਿਧਾਨ ਅੰਦਰ ਸਪੱਸ਼ਟ ਕੀਤਾ ਗਿਆ ਹੈ। ਏਕਤਾ ਤੇ ਅਖੰਡਤਾ ਦਾ ਦੂਜਾ ਅਧਾਰ ਆਰਥਕ ਵਿਕਾਸ ਦੀ ਆਸ ਹੈ।

ਦੇਸ਼ ਵਿੱਚ ਸ਼ੇਅਰ ਮਾਰਕੀਟ (ਸੈਨਸੈਕਸ) ਉਚਾਈਆਂ ਨੂੰ ਛੂਹ ਰਿਹਾ ਹੈ। ਸਾਰੇ ਫਿਰਕਿਆਂ ਦੇ ਗਰੀਬ ਲੋਕਾਂ ਨੂੰ ਲੋੜੀਂਦੀ ਸਿਖਲਾਈ ਦੇ ਕੇ ਕੁਸ਼ਲ ਤੇ ਸੁਯੋਗ ਬਨਾਉਣਾ ਅਤੇ ਫੇਰ ਆਰਥਕ ਪ੍ਰਾਜੈਕਟਾਂ ਵਿੱਚ ਨੌਕਰੀ ਦੇਣਾ ਜ਼ਰੂਰੀ ਹੈ। ਪਰ, ਅਫਸੋਸ ਇਹ ਹੈ ਕਿ ਲੋਕ ਬੱਝੇ ਹੀ ਫਿਰਕਿਆਂ ਅੰਦਰ ਹੋਏ ਹਨ। ਫਿਰਕਿਆਂ ਦੇ ਨੇਤਾ ਇਨ੍ਹਾਂ ਨੂੰ ਲੋੜ ਪੈਣ ਤੇ ਭੜਕਾਅ ਵੀ ਦੇਂਦੇ ਹਨ ਅਤੇ ਜਦੋਂ ਉਹ ਸਮਝਣ ਕਿ ਹੁਣ ਸ਼ਾਂਤੀ ਦੀ ਲੋੜ ਉਨ੍ਹਾਂ ਲਈ ਰਾਜਸੀ ਤੌਰ 'ਤੇ ਜ਼ਰੂਰੀ ਹੈ ਤਾਂ ਉਹ ਸ਼ਾਂਤੀ ਦੇ ਪਾਠ ਵੀ ਪੜ੍ਹਾ ਦੇਂਦੇ ਹਨ।

ਭਾਰਤ ਅੰਦਰ ਭੂਮੀ ਮਾਫੀਆ, ਨਸ਼ੀਲੀਆਂ ਵਸਤਾਂ ਦਾ ਮਾਫੀਆ, ਕਾਲ ਗਰਲਜ਼ ਰੈਕੇਟ, ਜੰਗਲ ਲੱਕੜ ਮਾਫੀਆ, ਜ਼ਰੂਰੀ ਵਸਤਾਂ ਦੇ ਭੰਡਾਰੀਆਂ ਦਾ ਮਾਫੀਆ, ਸਰਕਾਰੀ ਅਨਾਜ ਚੋਰਾਂ ਦਾ ਟੋਲਾ, ਬਿਜਲੀ ਚੋਰ, ਟੈਕਸ ਚੋਰ, ਸਰਕਾਰੀ ਨੌਕਰੀਆਂ ਤੇ ਬਦਲੀਆਂ ਦੇ ਘੁਟਾਲੇ ਕਰਨ ਵਾਲੇ ਮਾਫੀਏ, ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰਾਂ ਨੂੰ ਲੀਕ ਕਰਨ ਵਾਲਾ ਮਾਫੀਆ, ਮਿਲਾਵਟੀ ਚੀਜ਼ਾਂ ਵੇਚਣ ਵਾਲਾ ਮਾਫੀਆ, ਸੱਟੇਬਾਜ਼ਾਂ ਦਾ ਨੈੱਟਵਰਕ, ਕਬੂਤਰਬਾਜ਼ ਕਲਾਕਾਰ, ਨੇਤਾ, ਧਾਰਮਿਕ ਪ੍ਰਚਾਰਕ ਆਦਿ ਕਈ ਐਸੇ ਅਪਰਾਧੀ ਸਮੂਹ ਹਨ ਜਿਨ੍ਹਾਂ ਦੀ ਪਹੁੰਚ ਸਰਕਾਰੇ ਦਰਬਾਰੇ ਚੰਗੀ ਖਾਸੀ ਹੁੰਦੀ ਹੈ। ਇਨ੍ਹਾਂ ਦੇ ਤਾਰ ਹੀ ਥੱਲੇ ਛੋਟੇ ਅਪਰਾਧੀਆਂ ਨਾਲ ਜੁੜੇ ਹੁੰਦੇ ਹਨ ਜਿਨ੍ਹਾਂ ਦੁਆਰਾ ਕੰਮ ਸਿਰੇ ਚੜ੍ਹਾਏ ਜਾਂਦੇ ਹਨ। ਇਨ੍ਹਾਂ ਦੇ ਹੁੰਦੇ, ਦੇਸ਼ ਦਾ ਵਿਕਾਸ ਠੀਕ ਢੰਗ ਨਾਲ ਹੋ ਸਕਣਾ ਸੰਭਵ ਨਹੀਂ ਹੈ। ਇਨ੍ਹਾਂ ਦਾ ਖਾਤਮਾ ਨਵੇਂ ਕੌਮਾਂਤਰੀ ਸਿਸਟਮ ਦੇ ਆਉਣ ਨਾਲ ਹੋਵੇਗਾ ਜਿਸ ਵਿੱਚ ਹਰ ਗੱਲ ਨੂੰ ਡਿਜੀਟਲ ਤਕਨੀਕ ਨਾਲ ਲੋਕਾਂ ਵਲੋਂ ਦੇਖਿਆ ਪਰਖਿਆ ਜਾਇਆ ਕਰੇਗਾ।

ਸਾਡੇ ਦੇਸ਼ ਵਿੱਚ ਲੋਕਾਂ ਦੇ ਸੇਵਾ ਸਮੂਹ ਓਦੋਂ ਸਾਹਮਣੇ ਆਉਂਦੇ ਹਨ ਜਦੋਂ ਫਸਾਦ ਹੋ ਚੁੱਕੇ ਹੋਣ, ਭੁਚਾਲ ਨਾਲ ਸੈਂਕੜੇ ਮਰ ਗਏ ਹੋਣ ਤੇ ਹਜ਼ਾਰਾਂ ਬੇਘਰ ਹੋਏ ਹੋਣ, ਸੁਨਾਮੀ ਲਹਿਰਾਂ ਦੀ ਮਾਰ ਪੈ ਚੁੱਕੀ ਹੋਵੇ, ਅੱਗਾਂ ਲੱਗ ਕੇ ਜਾਨ ਮਾਲ ਦੀ ਹਾਨੀ ਹੋ ਚੁੱਕੀ ਹੋਵੇ ਅਤੇ ਕਿਸੇ ਮਹਾਂਮਾਰੀ ਨਾਲ ਵੱਡਾ ਨੁਕਸਾਨ ਹੋ ਗਿਆ ਹੋਵੇ। ਜਪਾਨ ਵਰਗੇ ਦੇਸ਼ ਵਿੱਚ ਲੋਕਾਂ ਨੂੰ ਅਗਾਊਂ ਤਿਆਰ ਰਹਿਣਾ ਸਿਖਾਇਆ ਗਿਆ ਹੈ। ਇਥੇ ਵੀ ਏਡਜ਼ ਅਤੇ ਪ੍ਰਦੂਸ਼ਣ ਸਬੰਧੀ ਕੁੱਝ ਸਾਵਧਾਨੀਆਂ ਲੈਣ ਲਈ ਸ੍ਵੈ-ਸੇਵੀ ਸਮੂਹ ਪ੍ਰਚਾਰ ਕਰਦੇ ਹਨ। ਟ੍ਰੈਫਿਕ ਦੀ ਬੇਲਗਾਮ ਆਵਾਜਾਈ ਕਾਰਣ ਹਜ਼ਾਰਾਂ ਲੋਕ ਹਰ ਸਾਲ ਮਰਦੇ ਤੇ ਜ਼ਖ਼ਮੀ ਹੁੰਦੇ ਹਨ। ਸੇਵਾ ਸੰਸਥਾਵਾਂ ਇਸ ਪੱਖੋਂ ਬਿਲਕੁੱਲ ਅਵੇਸਲੀਆਂ ਹਨ। ਇਹ ਸ੍ਵੈ-ਸੇਵੀ ਸੰਸਥਾਵਾਂ ਆਪਸ ਵਿੱਚ ਬੈਠਕਾਂ ਕਰਕੇ ਆਮ ਲੋਕਾਂ ਦੇ ਸੁੱਖ ਤੇ ਚੈਨ ਵਿੱਚ ਵਾਧਾ ਕਰ ਸਕਦੀਆਂ ਹਨ ਪਰ ਅਫਸੋਸ ਹੈ ਕਿ ਹੋ ਇਸ ਤੋਂ ਉਲਟ ਰਿਹਾ ਹੈ।

ਗੁਰੂ ਨਾਨਕ ਦੇਵ ਸਾਹਿਬ ਨੇ ਦੇਸ਼ ਨੂੰ ਸਾਵਧਾਨ

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।। (ਪੰਨਾ ੮੫੩)

ਕਪੜ ਨੂੰ ਟੁੱਕ ਟੁੱਕ ਹੋਣ ਤੋਂ ਬਚਾਉਣ ਲਈ ਸੁਚੇਤ ਯਤਨ ਕਰਨ ਲਈ ਜ਼ੋਰਦਾਰ ਪ੍ਰੇਰਣਾ ਮੌਜੂਦ ਹੈ। ਜੇ ਆਉਣ ਵਾਲੇ ਸਮਿਆਂ ਵਿੱਚ ਸਾਂਝੀਵਾਲਤਾ ਦੇ ਵੈਰੀਆਂ ਨੂੰ ਪਛਾਣ ਕੇ ਸਖ਼ਤ-ਦ੍ਰਿੜ੍ਹ ਯਤਨ ਨਾ ਕੀਤੇ ਗਏ ਤਾਂ ਦੇਸ਼ ਲਈ ਵੱਡੇ ਖਤਰੇ ਪੈਦਾ ਹੋ ਸਕਦੇ ਹਨ।

ਦੇਸ਼ ਦੀ ਅਖੰਡਤਾ ਦਾ ਅਧਾਰ ਲੱਭਣ ਲਈ ਕਿਤੇ ਬਾਹਰ ਝਾਕਣ ਦੀ ਲੋੜ ਨਹੀਂ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਏ.ਪੀ.ਜੇ.ਅਬਦੁਲ ਕਲਾਮ ਦੀ ਬੇਮਿਸਾਲ ਸ਼ਖ਼ਸੀਅਤ ਦੇਸ਼ ਦੀ ਸ਼ਕਤੀ ਤੇ ਅਖੰਡਤਾ ਦਾ ਪ੍ਰਤੱਖ ਸਬੂਤ ਹੈ। ਆਪਣੇ ਆਪ ਨੂੰ ਬਹੁਗਿਣਤੀ ਦੇ ਵਿੱਚੋਂ ਹੋਣ ਦੇ ਹੰਕਾਰ ਅਤੇ ਘੱਟ ਗਿਣਤੀ ਵਿੱਚੋਂ ਹੋਣ ਦੀ ਹੀਣਤਾ, ਦੇਸ਼ ਦੇ ਨਾਗਰਿਕਾਂ ਨੂੰ ਹਰ ਹੀਲੇ ਕੱਢਣੀ ਹੋਵੇਗੀ। ਕੋਈ ਹਿੰਦੂ ਦੇਸ਼ ਦਾ ਭਗਤ ਵੀ ਹੋ ਸਕਦਾ ਹੈ ਤੇ ਗੱਦਾਰ ਵੀ। ਕੋਈ ਸਿੱਖ ਦੇਸ਼ ਲਈ ਵੀ ਮਰ ਸਕਦਾ ਹੈ ਤੇ ਦੇਸ਼ ਦੇ ਵਿਰੁੱਧ ਵੀ ਸਾਜਸ਼ ਕਰ ਸਕਦਾ ਹੈ। ਕੋਈ ਮੁਸਲਮਾਨ, ਜੈਨੀ ਜਾਂ ਈਸਾਈ ਵੀ ਦੇਸ਼ ਭਗਤ ਜਾਂ ਦੇਸ਼ ਦਾ ਗੱਦਾਰ ਹੋ ਸਕਦਾ ਹੈ। ਇਸ ਪੱਖ ਤੋਂ ਧਰਮ ਜਾਂ ਪ੍ਰਦੇਸ਼ ਜਾਂ ਜਾਤ ਨਸਲ ਨੂੰ ਪਛਾਨਣਾ ਦੇਸ਼ ਲਈ ਹਾਨੀਕਾਰਕ ਹੈ।

ਸਭ ਤੋਂ ਵੱਧ ਜ਼ਰੂਰੀ ਹੈ ਕਿ ਦੇਸ਼ ਦੀ ਪੁਲਿਸ ਫੋਰਸ ਦੀ ਸਿਖਲਾਈ ਵਿੱਚ ਸਾਂਝੀਵਾਲਤਾ ਦੇ ਅੰਸ਼ ਸ਼ਾਮਲ ਕੀਤੇ ਜਾਣ। ਬਹੁਤੇ ਫਸਾਦਾਂ ਵਿੱਚ ਪੁਲਿਸ ਦਾ ਫਿਰਕੂ ਉਲਾਰ ਸਾਹਮਣੇ ਆਉਂਦਾ ਰਿਹਾ ਹੈ ਜੋ ਕਿ ਘੋਰ ਅਪਰਾਧ ਹੈ। ਨੇਤਾਵਾਂ ਨੂੰ ਨਵੇਂ ਭਾਰਤ ਦੇ ਨਿਰਮਾਣ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਸਾਂਝੀਵਾਲਤਾ ਨੂੰ ਲੈ ਕੇ ਚੱਲਣ ਵਾਲੀਆਂ ਰਾਜਸੀ ਪਾਰਟੀਆਂ ਨੇ ਹੀ ਕਲ ਨੂੰ ਦੇਸ਼ ਉੱਤੇ ਰਾਜ ਕਰਨਾ ਹੈ। ਲੋਕ ਧਾਰਮਿਕ ਵਧੇਰੇ ਹੁੰਦੇ ਜਾਣਗੇ ਪਰ ਫਿਰਕਾਪ੍ਰਸਤੀ ਘੱਟਦੀ ਜਾਏਗੀ, ਇਹ ਸੱਚੇ ਅਧਿਆਤਮਵਾਦ ਦੇ ਪ੍ਰਭਾਵ ਵਜੋਂ ਸਿੱਟਾ ਸਾਹਮਣੇ ਆਵੇਗਾ। ਗੁਰੂ ਨਾਨਕ ਦੇਵ ਸਾਹਿਬ ਨੇ ਇਹੋ ਹੀ ਸਬਕ ਹਿੰਦੁਸਤਾਨ ਨੂੰ ਪੜ੍ਹਾਇਆ ਸੀ ਕਿ ਆਪਣੇ ਵਿਰਸੇ ਦੀ ਸੰਭਾਲ ਕਰੋ, ਫਿਰਕਾਪ੍ਰਸਤੀ ਛੱਡੋ, ਪਾਖੰਡ ਛੱਡੋ, ਵਿਦੇਸ਼ਾਂ ਦੀ ਭੌਤਿਕ ਤੇ ਮਾਨਸਿਕ ਗੁਲਾਮੀ ਨੂੰ ਤਿਆਗੋ।

ਯੂ.ਪੀ. ਵਰਗੇ ਵੱਡੇ ਪ੍ਰਦੇਸ਼ ਵਿੱਚ ਬੀ. ਐਸ. ਪੀ. ਨੇ ਜੋ ਤਜ਼ਰਬਾ ਸਾਂਝੀਵਾਲਤਾ ਦਾ ਕੀਤਾ ਹੈ, ਉਸ ਨੂੰ ਭਵਿੱਖ ਵਿੱਚ ਸਾਰੀਆਂ ਫਿਰਕੂ ਪਾਰਟੀਆਂ ਵੀ ਪ੍ਰਯੋਗ ਵਿੱਚ ਲਿਆਉਣ, ਇਸ ਦਾ ਕੋਈ ਹੋਰ ਬਦਲ ਨਹੀਂ ਹੈ। ਸਾਂਝੀਵਾਲਤਾ ਦੇ ਨਾਲ ਇਮਾਨਦਾਰੀ ਅਤੇ ਦੇਸ਼ ਪ੍ਰਤੀ ਵਫ਼ਾਦਾਰੀ ਰਲ ਜਾਵੇ ਤਾਂ 2020 ਦਾ ਮਹਾਨ ਆਧੁਨਿਕ ਭਾਰਤ ਦਾ ਨਿਸ਼ਾਨਾ ਪੂਰਾ ਹੋ ਸਕਦਾ ਹੈ।



## ਮੁੱਖ ਸੰਪਾਦਕ ਦੀ ਕਲਮ ਤੋਂ

# ਹਰਿ ਬਾਤਾ ਆਖਿ ਸੁਣਾਏ

**ਸਾ**ਨੂੰ ਇਹ ਇਹਸਾਸ ਤਾਂ ਹੈ ਕਿ ਸਾਡਾ ਵਿਰਸਾ ਮਹਾਨ ਹੈ। ਪਰ ਆਪਣੇ ਮਹਾਨ ਵਿਰਸੇ ਦੇ ਵੱਖ-ਵੱਖ ਪਹਿਲੂ ਅਸੀਂ ਕਿਸੇ ਨੂੰ ਦੱਸਦੇ ਨਹੀਂ। ਵੇਖਣ ਵਿੱਚ ਆਇਆ ਹੈ ਕਿ ਗੁਰੂ ਕੇ ਪਿਆਰ ਵਾਲੇ ਗੁਰਸਿੱਖ ਭੀ ਆਪਣੇ ਪਰਿਵਾਰ ਵਿੱਚ ਆਪਣੇ ਬੱਚਿਆਂ ਨਾਲ, ਆਪਣੇ ਕਾਰੋਬਾਰੀ ਸਾਥੀਆਂ ਨਾਲ ਜਾਂ ਆਪਣੇ ਵਿਹਲੇ ਸਮੇਂ ਵਿੱਚ ਜਿਸ ਕਿਸੇ ਨਾਲ ਵੀ ਬੈਠਿਆਂ ਆਪਣੇ ਅਮੀਰ ਵਿਰਸੇ ਦੀ ਅਮੀਰੀ ਦੀ ਗਾਥਾ ਘੱਟ ਹੀ ਸਾਂਝੀ ਕਰਦੇ ਹਨ।

ਇਸ ਦਾ ਮੁੱਖ ਕਾਰਣ ਇਹ ਹੋ ਸਕਦਾ ਹੈ ਕਿ ਬਹੁਤਾਤ ਵਾਂਗ ਬਹੁਤਾਤ ਨੂੰ ਇਹ ਤਾਂ ਪਤਾ ਹੈ ਕਿ ਸਾਡਾ ਵਿਰਸਾ ਮਹਾਨ ਹੈ ਪਰ ਇਸ ਦਾ ਸ਼ਾਇਦ ਪੂਰਾ ਪਤਾ ਨਹੀਂ ਹੈ ਕਿ ਸਾਡਾ ਵਿਰਸਾ ਮਹਾਨ ਕਿਵੇਂ ਹੈ। ਇਹ ਤਾਂ ਸੱਚਾਈ ਹੈ ਕਿ ਇਨਸਾਨ ਨੂੰ ਜਦੋਂ ਕੁੱਝ ਵੀ ਪਤਾ ਚੱਲਦਾ ਹੈ ਉਹ ਉਸ ਨੂੰ ਆਪਣੇ ਵਿਲੱਖਣ ਢੰਗ ਨਾਲ ਸਮਾਜ ਵਿੱਚ ਜਾਣਕਾਰ ਬਣਦਿਆਂ ਜਾਣਕਾਰੀ ਮੁਹੱਈਆ ਕਰਵਾਉਣ ਦਾ ਆਪ-ਮੁਹਾਰਾ ਫਰਜ਼ ਅਦਾ ਕਰਦਾ ਹੈ। ਇਹ ਆਮ ਇਨਸਾਨ ਦੀ ਕੁਦਰਤੀ ਫਿਤਰਤ ਵੀ ਹੈ। ਇਉਂ ਜਦੋਂ ਉਹੀ ਇਨਸਾਨ ਜੋ ਬਾਕੀ ਹਰ ਸਥਾਨ ਅਤੇ ਸਥਿਤੀ, ਚੀਜ ਅਤੇ ਚੋਜ ਬਾਰੇ ਵਿਖਿਆਨ ਕਰਦਾ ਹੈ ਪਰ **'ਕਰਤੇ ਕੀਆਂ ਬਾਤਾਂ'** ਕਰਨ ਲੱਗਿਆਂ ਉਹ ਚੁੱਪ ਹੋ ਜਾਂਦਾ ਹੈ।

ਅਸਲ ਵਿੱਚ ਇਨਸਾਨ ਦੇ ਬੋਲ ਉਹੋ ਜਿਹੇ ਹੁੰਦੇ ਹਨ ਜਿਹੋ ਜਿਹੇ ਤੋਲ ਉਸਦੇ ਅੰਦਰ ਚੱਲ ਰਹੇ ਹੁੰਦੇ ਹਨ। ਜੇਕਰ ਨਜ਼ਦੀਕ ਸਮੁੰਦਰ ਹੈ ਤਾਂ ਹਵਾ ਵਿੱਚ ਨਮੀ ਦਾ ਹੋਣਾ ਸੁਭਾਵਕ ਹੈ ਪਰ ਜੇਕਰ ਸਾਡੇ ਆਸ-ਪਾਸ ਰੇਗਿਸਤਾਨ ਹੈ ਤਾਂ ਤੱਤੀ ਲੂਅ ਹੀ ਪ੍ਰਾਪਤ ਹੋਣੀ ਹੈ। ਇਵੇਂ ਹੀ ਜੰਗਲ ਬੀਆਬਾਨ ਦੀ ਆਪਣੀ ਵਿਲੱਖਣ ਆਬੋ-ਹਵਾ ਹੈ। ਹਰ ਜਗ੍ਹਾ, ਹਰ ਹਾਲਾਤ ਦਾ ਮਾਹੌਲ ਉਚੇਚ ਨਾਲ ਸਿਰਜਿਆ ਨਹੀਂ ਜਾ ਸਕਦਾ। ਪਰ ਜਿਹਨਾਂ ਹਾਲਾਤਾਂ ਕਰਕੇ ਇਹ ਕੁਦਰਤੀ ਮਾਹੌਲ ਨਜ਼ਰੀਂ ਪੈਂਦੇ ਹਨ, ਜੇਕਰ ਉਨ੍ਹਾਂ ਹਾਲਾਤਾਂ ਦੀ ਸਿਰਜਨਾ ਕੀਤੀ ਜਾਵੇ ਤਾਂ ਲੋੜੀਂਦੇ ਮਾਹੌਲ ਵੀ ਸਿਰਜੇ ਜਾ ਸਕਦੇ ਹਨ।

ਗੁਰਮਤਿ ਕਦਰਾਂ ਕੀਮਤਾਂ ਦੀ ਪ੍ਰਫੁੱਲਤਾ ਵਾਲੇ ਮਾਹੌਲ ਦੀ ਸਿਰਜਨਾ ਕਰਨ ਲਈ ਲੋੜੀਂਦੇ ਹਾਲਾਤਾਂ ਦੀ ਸਥਾਪਤੀ ਜ਼ਰੂਰੀ ਹੈ। ਹਰ ਪ੍ਰਾਣੀ ਮਾਤਰ ਨੂੰ ਆਪਣੇ ਵਿਰਸੇ ਦੀ ਅਮੀਰੀ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਸਾਰ ਦੀਆਂ ਜਥੇਬੰਦੀਆਂ ਨੂੰ ਇਸ ਪ੍ਰਥਾਇ ਵਿਸ਼ੇਸ਼ ਕਿਤਾਬਚੇ ਸੰਗਤਾਂ ਤੱਕ, ਨੌਜਵਾਨਾਂ ਤੱਕ ਅਤੇ ਵਿਸ਼ੇਸ਼ ਕਰਕੇ ਵਿਦਿਆਰਥੀਆਂ ਤੱਕ ਪਹੁੰਚਾਉਣ ਦੇ ਸਾਧਨ ਉਲੀਕਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਕਾਸ਼ਨਾ ਡਾਇਰੈਕਟੋਰੇਟ ਵਲੋਂ ਵੀ ਇਸ ਪ੍ਰਥਾਇ ਨਿਮਾਣੇ ਉਦਮ ਕੀਤੇ ਜਾਣਗੇ ਤਾਂ ਜੋ 'ਹਰਿ ਬਾਤਾ ਆਖਿ ਸੁਣਾਏ' ਦਾ ਗੁਰਮਤਿ ਮਾਹੌਲ ਸਿਰਜਿਆ ਜਾ ਸਕੇ।

ਇਸ ਮਾਹੌਲ ਦੀ ਸਿਰਜਨਾਂ ਵਿੱਚ ਸਾਡਾ ਸਾਰਿਆਂ ਦਾ ਯੋਗਦਾਨ ਵੀ ਪੈਣਾ ਹੈ। ਸਾਨੂੰ ਹੋਰ ਹੋਰ ਬਾਤਾਂ ਵਿੱਚ ਝਖਣਾ ਝਾਖਣ ਦੀ ਥਾਵੇਂ 'ਸੁਨੀਅਤ ਪ੍ਰਭ ਕੀ ਬਾਤ' ਦੀ ਗੁਰਮਤਿ ਬਿਰਤੀ ਅਪਨਾਉਣੀ ਹੋਵੇਗੀ।

**ਡਾ. ਚਰਨ ਕਮਲ ਸਿੰਘ**

ਸੰਪਾਦਕੀ

ਪੰਜਾਬੀ ਭਾਗ



ਪ੍ਰੋ: ਬਲਵਿੰਦਰਪਾਲ ਸਿੰਘ
ਸੰਪਾਦਕ
ਸਾਡਾ ਵਿਰਸਾ ਸਾਡਾ ਗੌਰਵ
98880-21699

# ਭਾਰਤ ਦੇਸ਼ ਦੀ ਅਖੰਡਤਾ ਦਾ ਅਧਾਰ

1947 ਵਿੱਚ ਦੇਸ਼ ਦੀ ਵੰਡ ਦੇ ਦੁੱਖਾਂ ਨੂੰ ਅਜੇ ਤੱਕ ਲੋਕਾਂ ਨੇ ਭੁਲਾਇਆ ਨਹੀਂ ਸੀ ਕਿ ਉਸ ਤੋਂ ਬਾਅਦ ਸੈਂਕੜੇ ਹੀ ਹੋਰ ਫਸਾਦ ਹੁਣ ਤੱਕ ਦੇਸ਼ ਅੰਦਰ ਹੋ ਚੁੱਕੇ ਹਨ ਜਿਨ੍ਹਾਂ ਵਿੱਚ ਲੱਖਾਂ ਲੋਕ ਮਰ ਗਏ ਅਤੇ ਕਈ ਲੱਖ ਜ਼ਖ਼ਮੀ ਤੇ ਬੇਘਰ ਹੋ ਗਏ। ਇਨ੍ਹਾਂ ਫਸਾਦਾਂ ਦਾ ਮੂਲ ਕਾਰਨ ਲੱਭਣ ਦੇ ਯਤਨ ਵੀ ਹੋਏ ਪਰ ਰਾਜਨੀਤਕ ਸਵਾਰਥਾਂ ਨੂੰ ਸਦਾ ਹੀ ਇਨਸਾਨੀਅਤ ਅਤੇ ਦੇਸ਼ ਦੀ ਆਭਾ ਤੋਂ ਉੱਤੇ ਰੱਖਿਆ ਗਿਆ। ਕਈ ਨਿਰਪੱਖ ਬੁੱਧੀਜੀਵੀ ਤੇ ਕਾਨੂੰਨਦਾਨ ਐਸੇ ਵੀ ਨਿਤਰੇ ਜਿਨ੍ਹਾਂ ਨੇ ਸੱਚ ਬੋਲਿਆ ਤੇ ਫਿਰਕਾਪ੍ਰਸਤੀ ਦੇ ਪਾਜ ਉਘੇੜੇ।

ਅੱਜ ਅਸੀਂ 21ਵੀਂ ਸਦੀ ਵਿੱਚ ਹਾਂ ਅਤੇ ਦੇਸ਼ ਦੀ ਅਜ਼ਾਦੀ ਦੇ 60ਵੇਂ ਸਾਲ ਨੂੰ ਪਾਰ ਕਰ ਗਏ ਹਾਂ। ਕੀ ਅੱਜ ਸਾਡੇ ਮਨਾਂ ਵਿੱਚੋਂ ਫਿਰਕਾਵਾਦ ਦੀ ਭੈੜੀ ਵਾਦੀ ਖ਼ਤਮ ਹੋ ਗਈ ਹੈ? ਕੀ ਅੱਜ ਕਿਸੇ ਫਸਾਦ ਬਾਰੇ ਸਾਹਮਣੇ ਆਏ ਨਤੀਜਿਆਂ ਅਨੁਸਾਰ, ਜ਼ਿੰਮੇਵਾਰ ਵਿਅਕਤੀਆਂ ਨੂੰ ਢੁੱਕਵੀਂ ਸਜ਼ਾ ਮਿਲ ਜਾਂਦੀ ਹੈ? ਇਨ੍ਹਾਂ ਸਵਾਲਾਂ ਦਾ ਉੱਤਰ ਬਹੁਤਾ 'ਨਾਂਹ' ਵਿੱਚ ਹੀ ਹੋਵੇਗਾ ਕਿਉਂਕਿ ਫਿਰਕਾਪ੍ਰਸਤੀ ਨੂੰ ਪੱਕਿਆਂ ਕਰਨ ਵਿੱਚ ਰਾਜਸੀ ਦਲਾਂ ਦੇ ਸਵਾਰਥ ਲੁਕੇ ਹੋਏ ਹਨ। ਕਿਸੇ ਵੀ ਫਿਰਕੇ ਦੇ ਆਗੂਆਂ ਨੂੰ ਇਹ ਹੱਕ ਹਾਸਲ ਹੈ ਕਿ ਉਹ ਆਪਣੀ ਬਰਾਦਰੀ ਤੇ ਭਾਈਚਾਰੇ ਦੇ ਹਿੱਤਾਂ ਲਈ ਸੰਘਰਸ਼ ਕਰਨ, ਲੋਕ ਰਾਇ ਬਨਾਉਣ, ਅੰਦੋਲਨ ਕਰਨ, ਪਰ, ਧਰਮ ਦੇ ਮੂਲ ਉਪਦੇਸ਼ਾਂ ਨੂੰ ਛਿੱਕੇ ਟੰਗ ਕੇ; ਫਸਾਦਾਂ ਦੇ ਲਈ ਸਾਜਸ਼ਾਂ ਰਚਣਾ ਕਿਸੇ ਵੀ ਤਰ੍ਹਾਂ ਮਾਫ ਕਰਨਯੋਗ ਨਹੀਂ ਹੈ। ਨਵੰਬਰ 1984 ਦੇ ਫਸਾਦਾਂ ਵਿੱਚ ਦੋਸ਼ੀ ਵੱਡੇ ਨੇਤਾਵਾਂ ਨੂੰ ਨਿਰਦੋਸ਼ ਸਾਬਤ ਕਰਨ ਦੇ ਕਈ ਯਤਨ ਹੋ ਚੁੱਕੇ ਹਨ ਤੇ ਅਜੇ ਤੱਕ ਏਨੀ ਵੱਡੀ ਕਤਲੋ ਗਾਰਤ ਉੱਤੇ ਪਾਰਲੀਮੈਂਟ ਨੇ ਸ਼ੋਕ ਮਤਾ ਵੀ ਪਾਸ ਨਹੀਂ ਕੀਤਾ। ਹਾਂ, ਸਿੱਖ ਪ੍ਰਧਾਨ ਮੰਤਰੀ ਨੇ ਹੀ ਸਿੱਖ ਕੌਮ ਕੋਲੋਂ ਮਾਫੀ ਮੰਗ ਲਈ ਸੀ ਤੇ ਉਹ ਵੀ ਰਾਜਸੀ ਲੋੜ ਦੇ ਅਨੁਸਾਰ।

ਗੁਜਰਾਤ ਦੰਗਿਆਂ, ਮੁੰਬਈ ਦੰਗਿਆਂ ਅਤੇ ਹੋਰ ਫਸਾਦਾਂ ਦੇ ਬਾਰੇ ਪੂਰੇ ਵੇਰਵੇ ਸਰਕਾਰ ਦੇ ਕੋਲ ਹਨ। ਦੇਸ਼ ਨੇ ਹੁਣ ਵਿਕਾਸ ਦੇ ਰਸਤੇ 'ਤੇ ਤੇਜ਼ੀ ਨਾਲ ਕਦਮ ਪੁੱਟਣੇ ਸ਼ੁਰੂ ਕੀਤੇ ਹਨ। ਇਸ ਦੀ ਸਭ ਤੋਂ ਵੱਡੀ ਲੋੜ ਹੈ ਕਿ ਦੇਸ਼ ਵਿੱਚ ਅਮਨ ਤੇ ਸ਼ਾਂਤੀ ਵੱਧ ਤੋਂ ਵੱਧ ਦਰਜੇ ਤੱਕ ਕਾਇਮ ਰੱਖੀ ਜਾਵੇ। ਸਰਕਾਰ ਵਲੋਂ ਰਾਜਸੀ ਹਿੱਤਾਂ ਤੋਂ ਹੱਟ ਕੇ ਸਖ਼ਤ ਕਦਮ ਚੁੱਕੇ ਜਾਣ ਤਾਂ ਕੋਈ ਕਾਰਨ ਨਹੀਂ ਕਿ ਦੇਸ਼ ਦੇ ਅੰਦਰ ਅਮਨ ਤੇ ਸ਼ਾਂਤੀ ਨੂੰ ਕੋਈ ਖ਼ਤਰਾ ਪੈਦਾ ਹੋ ਸਕੇ।

ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਅਧਾਰ ਸਾਂਝੀਵਾਲਤਾ ਹੈ ਜਿਸ ਨੂੰ ਕਾਫੀ ਹੱਦ ਤੱਕ ਸੰਵਿਧਾਨ ਅੰਦਰ ਸਪੱਸ਼ਟ ਕੀਤਾ ਗਿਆ ਹੈ। ਏਕਤਾ ਤੇ ਅਖੰਡਤਾ ਦਾ ਦੂਜਾ ਅਧਾਰ ਆਰਥਕ ਵਿਕਾਸ ਦੀ ਆਸ ਹੈ।

ਦੇਸ਼ ਵਿੱਚ ਸ਼ੇਅਰ ਮਾਰਕੀਟ (ਸੈਨਸੈਕਸ) ਉਚਾਈਆਂ ਨੂੰ ਛੂਹ ਰਿਹਾ ਹੈ। ਸਾਰੇ ਫਿਰਕਿਆਂ ਦੇ ਗਰੀਬ ਲੋਕਾਂ ਨੂੰ ਲੋੜੀਂਦੀ ਸਿਖਲਾਈ ਦੇ ਕੇ ਕੁਸ਼ਲ ਤੇ ਸੁਯੋਗ ਬਨਾਉਣਾ ਅਤੇ ਫੇਰ ਆਰਥਕ ਪ੍ਰਾਜੈਕਟਾਂ ਵਿੱਚ ਨੌਕਰੀ ਦੇਣਾ ਜ਼ਰੂਰੀ ਹੈ। ਪਰ, ਅਫਸੋਸ ਇਹ ਹੈ ਕਿ ਲੋਕ ਬੱਝੇ ਹੀ ਫਿਰਕਿਆਂ ਅੰਦਰ ਹੋਏ ਹਨ। ਫਿਰਕਿਆਂ ਦੇ ਨੇਤਾ ਇਨ੍ਹਾਂ ਨੂੰ ਲੋੜ ਪੈਣ ਤੇ ਭੜਕਾਅ ਵੀ ਦੇਂਦੇ ਹਨ ਅਤੇ ਜਦੋਂ ਉਹ ਸਮਝਣ ਕਿ ਹੁਣ ਸ਼ਾਂਤੀ ਦੀ ਲੋੜ ਉਨ੍ਹਾਂ ਲਈ ਰਾਜਸੀ ਤੌਰ 'ਤੇ ਜ਼ਰੂਰੀ ਹੈ ਤਾਂ ਉਹ ਸ਼ਾਂਤੀ ਦੇ ਪਾਠ ਵੀ ਪੜ੍ਹਾ ਦੇਂਦੇ ਹਨ।

ਭਾਰਤ ਅੰਦਰ ਭੂਮੀ ਮਾਫੀਆ, ਨਸ਼ੀਲੀਆਂ ਵਸਤਾਂ ਦਾ ਮਾਫੀਆ, ਕਾਲ ਗਰਲਜ਼ ਰੈਕੇਟ, ਜੰਗਲ ਲੱਕੜ ਮਾਫੀਆ, ਜ਼ਰੂਰੀ ਵਸਤਾਂ ਦੇ ਭੰਡਾਰੀਆਂ ਦਾ ਮਾਫੀਆ, ਸਰਕਾਰੀ ਅਨਾਜ ਚੋਰਾਂ ਦਾ ਟੋਲਾ, ਬਿਜਲੀ ਚੋਰ, ਟੈਕਸ ਚੋਰ, ਸਰਕਾਰੀ ਨੌਕਰੀਆਂ ਤੇ ਬਦਲੀਆਂ ਦੇ ਘੁਟਾਲੇ ਕਰਨ ਵਾਲੇ ਮਾਫੀਏ, ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰਾਂ ਨੂੰ ਲੀਕ ਕਰਨ ਵਾਲਾ ਮਾਫੀਆ, ਮਿਲਾਵਟੀ ਚੀਜ਼ਾਂ ਵੇਚਣ ਵਾਲਾ ਮਾਫੀਆ, ਸੱਟੇਬਾਜ਼ਾਂ ਦਾ ਨੈੱਟਵਰਕ, ਕਬੂਤਰਬਾਜ਼ ਕਲਾਕਾਰ, ਨੇਤਾ, ਧਾਰਮਿਕ ਪ੍ਰਚਾਰਕ ਆਦਿ ਕਈ ਐਸੇ ਅਪਰਾਧੀ ਸਮੂਹ ਹਨ ਜਿਨ੍ਹਾਂ ਦੀ ਪਹੁੰਚ ਸਰਕਾਰੇ ਦਰਬਾਰੇ ਚੰਗੀ ਖਾਸੀ ਹੁੰਦੀ ਹੈ। ਇਨ੍ਹਾਂ ਦੇ ਤਾਰ ਹੀ ਥੱਲੇ ਛੋਟੇ ਅਪਰਾਧੀਆਂ ਨਾਲ ਜੁੜੇ ਹੁੰਦੇ ਹਨ ਜਿਨ੍ਹਾਂ ਦੁਆਰਾ ਕੰਮ ਸਿਰੇ ਚੜ੍ਹਾਏ ਜਾਂਦੇ ਹਨ। ਇਨ੍ਹਾਂ ਦੇ ਹੁੰਦੇ, ਦੇਸ਼ ਦਾ ਵਿਕਾਸ ਠੀਕ ਢੰਗ ਨਾਲ ਹੋ ਸਕਣਾ ਸੰਭਵ ਨਹੀਂ ਹੈ। ਇਨ੍ਹਾਂ ਦਾ ਖਾਤਮਾ ਨਵੇਂ ਕੌਮਾਂਤਰੀ ਸਿਸਟਮ ਦੇ ਆਉਣ ਨਾਲ ਹੋਵੇਗਾ ਜਿਸ ਵਿੱਚ ਹਰ ਗੱਲ ਨੂੰ ਡਿਜੀਟਲ ਤਕਨੀਕ ਨਾਲ ਲੋਕਾਂ ਵਲੋਂ ਦੇਖਿਆ ਪਰਖਿਆ ਜਾਇਆ ਕਰੇਗਾ।

ਸਾਡੇ ਦੇਸ਼ ਵਿੱਚ ਲੋਕਾਂ ਦੇ ਸੇਵਾ ਸਮੂਹ ਓਦੋਂ ਸਾਹਮਣੇ ਆਉਂਦੇ ਹਨ ਜਦੋਂ ਫਸਾਦ ਹੋ ਚੁੱਕੇ ਹੋਣ, ਭੁਚਾਲ ਨਾਲ ਸੈਂਕੜੇ ਮਰ ਗਏ ਹੋਣ ਤੇ ਹਜ਼ਾਰਾਂ ਬੇਘਰ ਹੋਏ ਹੋਣ, ਸੁਨਾਮੀ ਲਹਿਰਾਂ ਦੀ ਮਾਰ ਪੈ ਚੁੱਕੀ ਹੋਵੇ, ਅੱਗਾਂ ਲੱਗ ਕੇ ਜਾਨ ਮਾਲ ਦੀ ਹਾਨੀ ਹੋ ਚੁੱਕੀ ਹੋਵੇ ਅਤੇ ਕਿਸੇ ਮਹਾਂਮਾਰੀ ਨਾਲ ਵੱਡਾ ਨੁਕਸਾਨ ਹੋ ਗਿਆ ਹੋਵੇ। ਜਪਾਨ ਵਰਗੇ ਦੇਸ਼ ਵਿੱਚ ਲੋਕਾਂ ਨੂੰ ਅਗਾਊਂ ਤਿਆਰ ਰਹਿਣਾ ਸਿਖਾਇਆ ਗਿਆ ਹੈ। ਇਥੇ ਵੀ ਏਡਜ਼ ਅਤੇ ਪ੍ਰਦੂਸ਼ਣ ਸਬੰਧੀ ਕੁੱਝ ਸਾਵਧਾਨੀਆਂ ਲੈਣ ਲਈ ਸ੍ਵੈ-ਸੇਵੀ ਸਮੂਹ ਪ੍ਰਚਾਰ ਕਰਦੇ ਹਨ। ਟ੍ਰੈਫਿਕ ਦੀ ਬੇਲਗਾਮ ਆਵਾਜਾਈ ਕਾਰਣ ਹਜ਼ਾਰਾਂ ਲੋਕ ਹਰ ਸਾਲ ਮਰਦੇ ਤੇ ਜ਼ਖ਼ਮੀ ਹੁੰਦੇ ਹਨ। ਸੇਵਾ ਸੰਸਥਾਵਾਂ ਇਸ ਪੱਖੋਂ ਬਿਲਕੁੱਲ ਅਵੇਸਲੀਆਂ ਹਨ। ਇਹ ਸ੍ਵੈ-ਸੇਵੀ ਸੰਸਥਾਵਾਂ ਆਪਸ ਵਿੱਚ ਬੈਠਕਾਂ ਕਰਕੇ ਆਮ ਲੋਕਾਂ ਦੇ ਸੁੱਖ ਤੇ ਚੈਨ ਵਿੱਚ ਵਾਧਾ ਕਰ ਸਕਦੀਆਂ ਹਨ ਪਰ ਅਫਸੋਸ ਹੈ ਕਿ ਹੋ ਇਸ ਤੋਂ ਉਲਟ ਰਿਹਾ ਹੈ।

ਗੁਰੂ ਨਾਨਕ ਦੇਵ ਸਾਹਿਬ ਨੇ ਦੇਸ਼ ਨੂੰ ਸਾਵਧਾਨ

ਕਪੜ ਨੂੰ ਟੁੱਕ ਟੁੱਕ ਹੋਣ ਤੋਂ ਬਚਾਉਣ ਲਈ ਸੁਚੇਤ ਯਤਨ ਕਰਨ ਲਈ ਜ਼ੋਰਦਾਰ ਪ੍ਰੇਰਨਾ ਮੌਜੂਦ ਹੈ। ਜੇ ਆਉਣ ਵਾਲੇ ਸਮਿਆਂ ਵਿੱਚ ਸਾਂਝੀਵਾਲਤਾ ਦੇ ਵੈਰੀਆਂ ਨੂੰ ਪਛਾਣ ਕੇ ਸਖ਼ਤ-ਦ੍ਰਿੜ ਯਤਨ ਨਾ ਕੀਤੇ ਗਏ ਤਾਂ ਦੇਸ਼ ਲਈ ਵੱਡੇ ਖਤਰੇ ਪੈਦਾ ਹੋ ਸਕਦੇ ਹਨ।

ਦੇਸ਼ ਦੀ ਅਖੰਡਤਾ ਦਾ ਅਧਾਰ ਲੱਭਣ ਲਈ ਕਿਤੇ ਬਾਹਰ ਝਾਕਣ ਦੀ ਲੋੜ ਨਹੀਂ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਏ.ਪੀ.ਜੇ.ਅਬਦੁਲ ਕਲਾਮ ਦੀ ਬੇਮਿਸਾਲ ਸ਼ਖ਼ਸੀਅਤ ਦੇਸ਼ ਦੀ ਸ਼ਕਤੀ ਤੇ ਅਖੰਡਤਾ ਦਾ ਪ੍ਰਤੱਖ ਸਬੂਤ ਹੈ। ਆਪਣੇ ਆਪ ਨੂੰ ਬਹੁਗਿਣਤੀ ਦੇ ਵਿੱਚੋਂ ਹੋਣ ਦੇ ਹੰਕਾਰ ਅਤੇ ਘੱਟ ਗਿਣਤੀ ਵਿੱਚੋਂ ਹੋਣ ਦੀ ਹੀਣਤਾ, ਦੇਸ਼ ਦੇ ਨਾਗਰਿਕਾਂ ਨੂੰ ਹਰ ਹੀਲੇ ਕੱਢਣੀ ਹੋਵੇਗੀ। ਕੋਈ ਹਿੰਦੂ ਦੇਸ਼ ਦਾ ਭਗਤ ਵੀ ਹੋ ਸਕਦਾ ਹੈ ਤੇ ਗੱਦਾਰ ਵੀ। ਕੋਈ ਸਿੱਖ ਦੇਸ਼ ਲਈ ਵੀ ਮਰ ਸਕਦਾ ਹੈ ਤੇ ਦੇਸ਼ ਦੇ ਵਿਰੁੱਧ ਵੀ ਸਾਜਸ਼ ਕਰ ਸਕਦਾ ਹੈ। ਕੋਈ ਮੁਸਲਮਾਨ, ਜੈਨੀ ਜਾਂ ਈਸਾਈ ਵੀ ਦੇਸ਼ ਭਗਤ ਜਾਂ ਦੇਸ਼ ਦਾ ਗੱਦਾਰ ਹੋ ਸਕਦਾ ਹੈ। ਇਸ ਪੱਖ ਤੋਂ ਧਰਮ ਜਾਂ ਪ੍ਰਦੇਸ਼ ਜਾਂ ਜਾਤ ਨਸਲ ਨੂੰ ਪਛਾਨਣਾ ਦੇਸ਼ ਲਈ ਹਾਨੀਕਾਰਕ ਹੈ।

ਸਭ ਤੋਂ ਵੱਧ ਜ਼ਰੂਰੀ ਹੈ ਕਿ ਦੇਸ਼ ਦੀ ਪੁਲਿਸ ਫੋਰਸ ਦੀ ਸਿਖਲਾਈ ਵਿੱਚ ਸਾਂਝੀਵਾਲਤਾ ਦੇ ਅੰਸ਼ ਸ਼ਾਮਲ ਕੀਤੇ ਜਾਣ। ਬਹੁਤੇ ਫਸਾਦਾਂ ਵਿੱਚ ਪੁਲਿਸ ਦਾ ਫਿਰਕੂ ਉਲਾਰ ਸਾਹਮਣੇ ਆਉਂਦਾ ਰਿਹਾ ਹੈ ਜੋ ਕਿ ਘੋਰ ਅਪਰਾਧ ਹੈ। ਨੇਤਾਵਾਂ ਨੂੰ ਨਵੇਂ ਭਾਰਤ ਦੇ ਨਿਰਮਾਣ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਸਾਂਝੀਵਾਲਤਾ ਨੂੰ ਲੈ ਕੇ ਚੱਲਣ ਵਾਲੀਆਂ ਰਾਜਸੀ ਪਾਰਟੀਆਂ ਨੇ ਹੀ ਕਲ ਨੂੰ ਦੇਸ਼ ਉੱਤੇ ਰਾਜ ਕਰਨਾ ਹੈ। ਲੋਕ ਧਾਰਮਿਕ ਵਧੇਰੇ ਹੁੰਦੇ ਜਾਣਗੇ ਪਰ ਫਿਰਕਾਪ੍ਰਸਤੀ ਘੱਟਦੀ ਜਾਏਗੀ, ਇਹ ਸੱਚੇ ਅਧਿਆਤਮਵਾਦ ਦੇ ਪ੍ਰਭਾਵ ਵਜੋਂ ਸਿੱਟਾ ਸਾਹਮਣੇ ਆਵੇਗਾ। ਗੁਰੂ ਨਾਨਕ ਦੇਵ ਸਾਹਿਬ ਨੇ ਇਹੋ ਹੀ ਸਬਕ ਹਿੰਦੁਸਤਾਨ ਨੂੰ ਪੜ੍ਹਾਇਆ ਸੀ ਕਿ ਆਪਣੇ ਵਿਰਸੇ ਦੀ ਸੰਭਾਲ ਕਰੋ, ਫਿਰਕਾਪ੍ਰਸਤੀ ਛੱਡੋ, ਪਾਖੰਡ ਛੱਡੋ, ਵਿਦੇਸ਼ਾਂ ਦੀ ਭੌਤਿਕ ਤੇ ਮਾਨਸਿਕ ਗੁਲਾਮੀ ਨੂੰ ਤਿਆਗੋ।

ਯੂ.ਪੀ. ਵਰਗੇ ਵੱਡੇ ਪ੍ਰਦੇਸ਼ ਵਿੱਚ ਬੀ. ਐਸ. ਪੀ. ਨੇ ਜੋ ਤਜ਼ਰਬਾ ਸਾਂਝੀਵਾਲਤਾ ਦਾ ਕੀਤਾ ਹੈ, ਉਸ ਨੂੰ ਭਵਿੱਖ ਵਿੱਚ ਸਾਰੀਆਂ ਫਿਰਕੂ ਪਾਰਟੀਆਂ ਵੀ ਪ੍ਰਯੋਗ ਵਿੱਚ ਲਿਆਉਣ, ਇਸ ਦਾ ਕੋਈ ਹੋਰ ਬਦਲ ਨਹੀਂ ਹੈ। ਸਾਂਝੀਵਾਲਤਾ ਦੇ ਨਾਲ ਇਮਾਨਦਾਰੀ ਅਤੇ ਦੇਸ਼ ਪ੍ਰਤੀ ਵਫ਼ਾਦਾਰੀ ਰਲ ਜਾਵੇ ਤਾਂ 2020 ਦਾ ਮਹਾਨ ਆਧੁਨਿਕ ਭਾਰਤ ਦਾ ਨਿਸ਼ਾਨਾ ਪੂਰਾ ਹੋ ਸਕਦਾ ਹੈ।

## ਬਾਣੀ ਤ ਗਾਵਹੁ ਗੁਰੂ ਕੇਰੀ

- ਖਸਮ ਪ੍ਰਭੂ ਨੇ ਇਸ ਜਗਤ ਵਿੱਚ ਸੋਨਾ, ਚਾਂਦੀ, ਹੀਰੇ, ਰਤਨ, ਪਉਣ, ਪਾਣੀ, ਅਗਨੀ, ਅੰਨ, ਧੰਨ, ਬਨਸਪਤੀ, ਫ਼ਲ, ਫੁੱਲ ਤੇ ਜੀਵ ਜੰਤੂ ਆਦਿ ਸਾਜੇ ਹਨ। ਜਿਥੇ ਮਨੁੱਖ ਨੂੰ ਸੋਚਣ, ਸਮਝਣ ਤੇ ਬੋਲਣ ਹੱਸਣ ਦੀ ਸਮਰੱਥਾ ਬਖ਼ਸ਼ ਕੇ ਸਰਬ ਜੀਵਾਂ ਦਾ ਸਰਦਾਰ ਬਣਾਇਆ ਹੈ, ਉਥੇ ਗੁਰੂ ਨਾਨਕ ਸਾਹਿਬ ਦੀ ਪਾਰਬ੍ਰਹਮੀ ਜੋਤ ਰਾਹੀਂ 'ਖਸਮ ਕੀ ਬਾਣੀ' ਵੀ 'ਸੁੱਖਾਂ ਦੀ ਦਾਤੀ' ਵਜੋਂ ਦਿੱਤੀ ਹੈ। ਅਸੀਂ ਸ਼ੁਕਰ ਕਰੀਏ ਉਸ ਪ੍ਰਭੂ ਦਾ, ਜਿਸ ਨੇ ਆਪਣੀ ਅਪਾਰ ਕਿਰਪਾ ਕਰਕੇ ਅੰਮ੍ਰਿਤ ਰਸ ਗੁੱਧੀ, ਮਹਾਂ ਮਿੱਠੀ, ਸਦੈਵ ਸਜਰੀ, ਹਿਰਦੇ-ਟੁੰਬਵੀਂ, ਆਤਮਕ-ਹੁਲਾਰੀ, ਜੋਤੀ-ਜੋਤ ਮਿਲਾਉਣ ਜੋਗੀ, ਜੀਵ-ਸਫ ਲਿਆਉਣ ਵਾਲੀ, ਮਨ ਨੂੰ ਚੈਨ ਬਖ਼ਸ਼ਣਹਾਰੀ, ਪਾਪ-ਪੁੰਨ ਦੇ ਚੱਕਰ 'ਚੋਂ ਕੱਢ ਕੇ ਦਮਾ ਦਮ ਹਰਜਸ ਦੀ ਰਾਸ ਪੂੰਜੀ ਦਾ ਲਾਹਾ ਦੇਣ ਵਾਲੀ ਤੇ ਹਰਿ ਰੰਗ ਦੀ ਰੰਗੀਨੀ ਨਾਲ ਅਤਿ ਲਾਲ ਮਜੀਠਾ ਗੂੜ੍ਹਾ ਰੰਗ ਚਾੜ੍ਹ ਕੇ, ਸਰਬੱਤ ਦੇ ਭਲੇ ਦੀ ਧੁੰਨ ਪਕਾਉਣ ਵਾਲੀ ਝਿਮ-ਝਿਮ ਵਰਸਦੀ ਰੂਹਾਨੀਧਾਰਾ, 'ਗੁਰਬਾਣੀ' ਦੀ ਸੁਗਾਤ ਦਿੱਤੀ ਹੈ।
- ਸੁਰਤਾ ਤੇ ਤਾਲਬੱਧਤਾ, ਜੀਵਨ ਦੀ ਸੁੰਦਰਤਾ ਦੇ ਨੈਣ ਨਕਸ਼ ਹਨ। ਬਾਣੀ ਦਾ ਸਿੱਖ ਨਾਲ ਉਹੀ ਰਿਸ਼ਤਾ ਹੈ ਜਿਵੇਂ ਕਹਿ ਲਈਏ, ਖ਼ੂਨ ਦਾ ਸਰੀਰ ਨਾਲ। ਕੋਈ ਮਨੁੱਖ ਉਨਾ ਹੀ ਸਿੱਖੀ ਨਾਲ ਭਰਪੂਰ ਹੁੰਦਾ ਜਾਂਦਾ ਹੈ, ਜਿੰਨਾ ਉਹ ਰੋਮ ਰੋਮ ਬਾਣੀ ਨੂੰ ਮੰਨਦਾ-ਜੀਂਦਾ ਤੇ ਗਾਂਦਾ ਹੈ। ਹੋਰ 'ਗਾਉਣ' ਵੀ ਹੁਲਾਰਾ ਦੇਂਦੇ ਹੋਣਗੇ, ਪਰ ਬਾਣੀ ਦੇ ਗਾਉਣ ਵਿੱਚ ਰੁੱਝਿਆ ਮਨੁੱਖ, ਪਹਿਲਾਂ ਰਾਗ, ਫੇਰ ਵੈਰਾਗ ਅਤੇ ਅੰਤ ਨੂੰ ਅਨੁਰਾਗ ਦੇ ਰੰਗ ਵਿੱਚ ਘਣਾ ਰਚ ਜਾਂਦਾ ਹੈ।
- ਬਾਣੀਆਂ ਸਿਰ ਬਾਣੀ, 'ਗੁਰਬਾਣੀ' ਨੂੰ ਗਾਉਣ ਦੀ ਗੁਰਮਤਿ ਪੱਧਤੀ ਦੀ ਨਿਸ਼ਕਾਮ ਸਾਂਭ ਸੰਭਾਲ ਕਰਨੀ ਪੰਥ ਦਾ ਵੱਡਾ ਕਰਤੱਵ ਹੈ। 'ਗੁਰਮਤਿ ਸੰਗੀਤ' ਨੂੰ ਸਮਰਪਿਤ ਵਿਅਕਤੀ ਕੌਮ ਦੀ ਮਹਾਨ ਸੇਵਾ ਕਰ ਸਕਦੇ ਹਨ।
- ਬਾਣੀ ਲਿਖਣ, ਬੋਲਣ ਅਤੇ ਗਾਉਣ ਨੂੰ ਜਿਨ੍ਹਾਂ ਨੇ ਵਪਾਰਕ ਧੰਦਾ ਬਣਾ ਲਿਆ ਹੈ, ਉਨ੍ਹਾਂ ਨੂੰ ਗੁਰੂ ਸੁਮੱਤ ਬਖ਼ਸ਼ੇ। ਵਿਅਕਤੀ ਪੂਜਾ ਕਰਾਉਣ ਵਲੋਂ ਚਲਾਕ ਲੋਕ ਕੇਵਲ ਤਾਂ ਹੀ ਹੱਟ ਸਕਣਗੇ, ਜੇ ਬਾਣੀ ਦੀ ਕਲਾ ਵਰਤੇਗੀ, ਬਾਣੀ ਗਾਉਣ ਦੀਆਂ ਧੁਨਾਂ ਨਾਲ ਸਭ ਭਰਮ-ਭੈ-ਸੰਸੇ ਤੇ ਝੋਰੇ ਦੂਰ ਹੋ ਜਾਣਗੇ।
- ਨਿਤ-ਨਿਤ ਬਾਣੀ ਗਾਵੀਏ, ਸਮਝੀਏ, ਸਿੱਖੀਏ। ਬੱਚਿਆਂ ਨੂੰ ਬਾਣੀ ਗਾਉਣ ਦੀ ਚੇਟਕ ਮੁੱਢ ਤੋਂ ਲਾਈਏ। 'ਭੋਜਨ ਕੀਰਤਨ' ਰੋਜ਼ਾਨਾ ਦੀ ਖੁਰਾਕ ਬਣੇ। ਬਾਣੀ ਨੂੰ ਵਿਸਾਰ ਕੇ ਅਸੀਂ ਪੱਕੇ ਰੋਗੀ ਵਾਂਗ ਵਿਲਲਾਉਂਦੇ ਰਹਿ ਜਾਵਾਂਗੇ, ਏਸ ਤ੍ਰਾਸਦੀ ਤੋਂ ਖਸਮ ਪ੍ਰਭੂ ਆਪ ਹੀ ਬਚਾਅ ਲੈਣ...।

ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ।।। (ਪੰਨਾ ੪੫)